5

# ਹਵਾਲਗੀ ਅਤੇ ਮੁਲਾਕਾਤ ਦਾ ਹੱਕ

PJB 005/**2013**

ਓਨਟਾਰੀਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



## ਸਾਰੀਆਂ ਔਰਤਾਂ ਲਈ
## ਇੱਕੋ ਪਰਿਵਾਰਕ ਕਾਨੂੰਨ।

ਆਪਣੇ ਹੱਕ ਜਾਣੋ।

flew Family Law Education for Women
Women's Right to Know

fodf Femmes ontariennes et droit de la famille
Le droit de savoir

# ਹਵਾਲਗੀ ਅਤੇ ਮੁਲਾਕਾਤ ਦਾ ਹੱਕ

*ਇਹ ਪੁਸਤਿਕਾ ਤੁਹਾਨੂੰ ਕਾਨੂੰਨੀ ਮਾਮਲਿਆਂ ਦੀ ਇੱਕ ਮੁੱਢਲੀ ਸਮਝ ਪ੍ਰਦਾਨ ਕਰਾਉਣ ਵਾਸਤੇ ਹੈ। ਇਹ ਵਿਅਕਤੀਗਤ ਕਾਨੂੰਨੀ ਸਲਾਹ ਅਤੇ ਸਹਾਇਤਾ ਦਾ ਬਦਲ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨੀ ਮਾਮਲਿਆਂ ਨਾਲ ਵਿਹਾਰ ਕਰ ਰਹੇ ਹੋ, ਤਾਂ ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੀਆਂ ਚੋਣਾਂ ਨੂੰ ਸਮਝਣ ਲਈ ਅਤੇ ਆਪਣੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਜਿੰਨੀ ਜਲਦੀ ਸੰਭਵ ਹੋਵੇ ਕਾਨੂੰਨੀ ਸਲਾਹ ਲਓ। ਕਿਸੇ ਪਰਿਵਾਰਕ ਕਾਨੂੰਨ ਦੇ ਵਕੀਲ ਨੂੰ ਕਿਵੇਂ ਲੱਭਣਾ ਹੈ ਅਤੇ ਉਸਨੂੰ ਭੁਗਤਾਨ ਕਿਵੇਂ ਕਰਨਾ ਹੈ, ਇਸ ਬਾਬਤ ਵਧੇਰੇ ਜਾਣਕਾਰੀ ਵਾਸਤੇ ਸਾਡੀ ਵੈੱਬਸਾਈਟ www.onefamilylaw.ca 'ਤੇ ਸਾਡੀ ਪੁਸਤਿਕਾ "ਤੁਹਾਡੀ ਪਰਿਵਾਰਕ ਕਾਨੂੰਨ ਸੰਬੰਧੀ ਸਮੱਸਿਆ ਵਾਸਤੇ ਮਦਦ ਲੱਭਣੀ" (Finding Help with your Family Law Problem) ਅਤੇ ਸਾਡਾ ਵੈਬੀਨਾਰ "ਕਿਸੇ ਪਰਿਵਾਰਕ ਕਾਨੂੰਨ ਦੇ ਵਕੀਲ ਨੂੰ ਤਲਾਸ਼ਣਾ" (Looking for a Family Law Lawyer) ਦੇਖੋ।*

ਕੈਨੇਡਾ ਵਿੱਚ, ਕਾਨੂੰਨ ਇਹ ਕਹਿੰਦਾ ਹੈ ਕਿ ਜ਼ਿਆਦਾਤਰ ਮਾਮਲਿਆਂ ਵਿੱਚ ਦੋਨਾਂ ਮਾਪਿਆਂ ਨੂੰ ਬੱਚੇ ਪਾਲਣ ਅਤੇ ਇਸ ਬਾਰੇ ਫੈਸਲੇ ਲੈਣ ਦਾ ਅਧਿਕਾਰ ਹੈ ਕਿ ਬੱਚਿਆਂ ਦੀ ਦੇਖਭਾਲ ਕਿਵੇਂ ਕੀਤੀ ਜਾਂਦੀ ਹੈ।

ਜੇ ਤੁਸੀਂ ਅਤੇ ਤੁਹਾਡੇ ਬੱਚੇ ਦਾ ਦੂਜਾ ਮਾਪਾ ਅੱਡੋ ਅੱਡ ਹੋ ਜਾਂਦੇ ਹੋ ਜਾਂ ਇਕੱਠੇ ਨਹੀਂ ਰਹਿੰਦੇ, ਤਾਂ ਤੁਹਾਡੇ ਵਾਸਤੇ ਤੁਹਾਡੇ ਬੱਚੇ ਦੇ ਰੋਜ਼ਾਨਾ ਜੀਵਨ ਅਤੇ ਇਸ ਬਾਬਤ ਯੋਜਨਾਵਾਂ ਬਣਾਉਣਾ ਲਾਜ਼ਮੀ ਹੈ ਕਿ ਤੁਹਾਡਾ ਬੱਚਾ ਕਿੱਥੇ ਰਹਿੰਦਾ ਹੈ। ਤੁਸੀਂ ਇਹ ਇੰਤਜ਼ਾਮ ਵਕੀਲਾਂ ਅਤੇ ਅਦਾਲਤ ਦੀ ਸਹਾਇਤਾ ਦੇ ਨਾਲ ਜਾਂ ਇਸ ਤੋਂ ਬਿਨਾਂ ਕਰ ਸਕਦੇ ਹੋ।

ਜੇ ਤੁਸੀਂ ਸਹਿਮਤ ਨਹੀਂ ਹੋ ਸਕਦੇ, ਤਾਂ ਦੋਨਾਂ ਵਿੱਚੋਂ ਕੋਈ ਵੀ ਮਾਪਾ ਅਦਾਲਤ ਕੋਲ **ਹਵਾਲਗੀ** ਜਾਂ **ਪਹੁੰਚ** ਦੇ ਆਦੇਸ਼ ਵਾਸਤੇ ਅਰਜ਼ੀ ਦੇ ਸਕਦਾ ਹੈ। ਤੁਹਾਡੇ ਵਾਸਤੇ ਹਵਾਲਗੀ ਜਾਂ ਪਹੁੰਚ ਵਾਸਤੇ ਉਸ ਸ਼ਹਿਰ ਜਾਂ ਕਸਬੇ ਵਿੱਚ ਅਰਜ਼ੀ ਦੇਣਾ ਲਾਜ਼ਮੀ ਹੈ ਜਿੱਥੇ ਤੁਹਾਡਾ ਬੱਚਾ ਆਮ ਤੌਰ 'ਤੇ ਰਹਿੰਦਾ ਹੈ। ਹਵਾਲਗੀ ਜਾਂ ਪਹੁੰਚ ਬਾਬਤ ਆਦੇਸ਼ਾਂ ਨੂੰ ਬਦਲਿਆ ਜਾ ਸਕਦਾ ਹੈ ਜੇਕਰ ਦੋਨਾਂ ਵਿੱਚੋਂ ਕਿਸੇ ਵੀ ਮਾਪੇ ਦੀ ਸਥਿਤੀ ਮਹੱਤਵਪੂਰਨ ਤੌਰ 'ਤੇ ਬਦਲ ਜਾਂਦੀ ਹੈ।

## ਹਵਾਲਗੀ ਕੀ ਹੈ?

**ਹਵਾਲਗੀ (Custody)** ਦਾ ਮਤਲਬ ਹੈ ਬੱਚੇ ਦੇ ਜੀਵਨ ਬਾਰੇ ਸਾਰੇ ਅਹਿਮ ਫੈਸਲਿਆਂ ਨੂੰ ਕਰਨ ਦਾ ਕਾਨੂੰਨੀ ਅਧਿਕਾਰ ਅਤੇ ਜ਼ਿੰਮੇਵਾਰੀ। ਇਸ ਵਿੱਚ ਅਜਿਹੀਆਂ ਚੀਜ਼ਾਂ ਸ਼ਾਮਲ ਹਨ ਜਿਵੇਂ ਕਿ:

- ਬੱਚੇ ਦੇ ਸਕੂਲ ਦੀ ਚੋਣ ਕਰਨਾ
- ਬੱਚੇ ਦੇ ਧਰਮ ਦੀ ਚੋਣ ਕਰਨਾ
- ਬੱਚੇ ਵਾਸਤੇ ਡਾਕਟਰੀ ਫੈਸਲੇ ਲੈਣਾ।

ਹਵਾਲਗੀ ਵਾਲੇ ਮਾਪੇ ਨੂੰ **ਹਵਾਲਗੀ ਵਾਲਾ ਮਾਪਾ (custodial parent)** ਕਿਹਾ ਜਾਂਦਾ ਹੈ ਅਤੇ ਬੱਚਾ ਜ਼ਿਆਦਾਤਰ ਹਵਾਲਗੀ ਵਾਲੇ ਮਾਪੇ ਕੋਲ ਰਹਿੰਦਾ ਹੈ।

## ਪਹੁੰਚ ਕੀ ਹੁੰਦੀ ਹੈ?

ਜੇ ਇੱਕ ਮਾਪੇ ਨੂੰ ਬੱਚੇ ਦੀ ਹਵਾਲਗੀ ਮਿਲ ਜਾਂਦੀ ਹੈ, ਤਾਂ ਦੂਜੇ ਮਾਪੇ ਨੂੰ ਅਕਸਰ ਪਹੁੰਚ ਪ੍ਰਾਪਤ ਹੋਵੇਗੀ। ਆਮ ਤੌਰ ‘ਤੇ ਅਦਾਲਤ ਇਹ ਸੋਚਦੀ ਹੈ ਕਿ ਦੋਨਾਂ ਮਾਪਿਆਂ ਦੇ ਨਾਲ ਸੰਪਰਕ ਰੱਖਣਾ ਬੱਚੇ ਦੇ ਸਭ ਤੋਂ ਵਧੀਆ ਹਿੱਤਾਂ ਵਿੱਚ ਹੈ। ਜੇ ਅਦਾਲਤ **ਪਹੁੰਚ** ਦਾ ਆਦੇਸ਼ ਦਿੰਦੀ ਹੈ, ਤਾਂ ਇਸਦਾ ਆਮ ਤੌਰ ‘ਤੇ ਮਤਲਬ ਬੱਚੇ ਨੂੰ ਮਿਲਣ ਜਾਣ ਅਤੇ ਉਸ ਨਾਲ ਸਮਾਂ ਬਿਤਾਉਣ ਅਤੇ ਉਸਦੀ ਸੇਹਤ, ਤੰਦਰੁਸਤੀ ਅਤੇ ਸਿੱਖਿਆ ਬਾਰੇ ਜਾਣਨ ਤੋਂ ਹੁੰਦਾ ਹੈ। ਏਥੋਂ ਤੱਕ ਕਿ ਕੋਈ ਮਾਪਾ ਜਿਸਨੇ ਆਪਣੇ ਬੱਚੇ ਨਾਲ ਜ਼ਿਆਦਾ ਸਮਾਂ ਨਹੀਂ ਬਿਤਾਇਆ, ਆਮ ਤੌਰ ‘ਤੇ ਪਹੁੰਚ ਪ੍ਰਾਪਤ ਕਰ ਸਕਦਾ ਹੈ।

ਉਹ ਮਾਪਾ ਜਿਸਦੀ ਬੱਚੇ ਤੱਕ ਪਹੁੰਚ ਹੁੰਦੀ ਹੈ, ਉਸਨੂੰ **ਗੈਰ-ਹਵਾਲਗੀ (non-custodial)** ਜਾਂ **ਪਹੁੰਚ ਵਾਲਾ ਮਾਪਾ (access parent)** ਕਿਹਾ ਜਾਂਦਾ ਹੈ।

ਜੇ ਤੁਸੀਂ ਆਪਣੇ ਬੱਚੇ ਦੇ ਦੂਜੇ ਮਾਪੇ ਦੇ ਨਾਲ ਆਸਾਨੀ ਨਾਲ ਅਤੇ ਈਮਾਨਦਾਰੀ ਨਾਲ ਗੱਲ ਕਰ ਸਕਦੇ ਹੋ, ਤਾਂ ਹਵਾਲਗੀ ਅਤੇ ਪਹੁੰਚ ਬਾਬਤ ਤੁਸੀਂ ਆਪਣੇ ਖੁਦ ਦੇ ਗੈਰ-ਰਸਮੀ ਇੰਤਜ਼ਾਮ ਕਰ ਸਕਦੇ ਹੋ। ਆਪਣੀ ਸਹਿਮਤੀ ਨੂੰ ਤਾਰੀਖ ਲਿਖਕੇ ਲਿਖਤੀ ਰੂਪ ਦੇਣਾ ਅਤੇ ਦੋਨਾਂ ਮਾਪਿਆਂ ਦਾ ਇਸਤੇ ਦਸਤਖਤ ਕਰਵਾਉਣਾ ਇੱਕ ਵਧੀਆ ਵਿਚਾਰ ਹੈ। ਜੇ ਇਸਤੇ ਨਜ਼ਰ ਪਾਉਣ ਲਈ ਅਤੇ ਅਦਾਲਤ ਕੋਲ ਦਾਇਰ ਕਰਨ ਲਈ ਹਰੇਕ ਮਾਪਾ ਕੋਈ ਵਕੀਲ ਕਰਦਾ ਹੈ ਤਾਂ ਇਹ ਬਹੁਤ ਵਧੀਆ ਗੱਲ ਹੈ।

ਜੇ ਤੁਸੀਂ ਦੂਜੇ ਮਾਪੇ ਨਾਲ ਸਹਿਮਤ ਨਹੀਂ ਹੋ ਸਕਦੇ, ਜਾਂ ਜੇ ਰਿਸ਼ਤਾ ਦੁਰ-ਵਿਵਹਾਰ ਵਾਲਾ ਹੈ ਜਾਂ ਸੀ, ਤਾਂ ਤੁਹਾਡੇ ਅਤੇ ਤੁਹਾਡੇ ਬੱਚੇ ਵਾਸਤੇ ਵਧੇਰੇ ਸੁਰੱਖਿਅਤ ਗੱਲ ਕੋਈ ਵਕੀਲ ਕਰ ਲੈਣਾ ਅਤੇ ਹਵਾਲਗੀ ਅਤੇ ਪਹੁੰਚ ਦੇ ਇੰਤਜ਼ਾਮ ਕਰਨ ਲਈ ਅਦਾਲਤ ਜਾਣ 'ਤੇ ਵਿਚਾਰ ਕਰਨਾ ਹੈ।

ਪਰ, ਬੱਚਾ ਕੇਵਲ ਇੱਕ ਮਾਪੇ ਨਾਲ ਰਹਿ ਸਕਦਾ ਹੈ ਅਤੇ ਦੂਜਾ ਮਾਪਾ ਰਹਿਣ ਦੇ ਇੰਤਜ਼ਾਮ ਵਾਸਤੇ ਸਹਿਮਤੀ ਦਿੰਦਾ ਹੈ ਜਾਂ ਇਸਨੂੰ ਸਵੀਕਾਰ ਕਰ ਲੈਂਦਾ ਹੈ। ਜਦ ਤੱਕ ਇੰਤਜ਼ਾਮ ਨੂੰ ਸਵੀਕਾਰ ਕੀਤਾ ਜਾਂਦਾ ਹੈ, ਦੂਜਾ ਮਾਪਾ ਹਵਾਲਗੀ ਦੇ ਅਧਿਕਾਰ ਨੂੰ ਛੱਡ ਦਿੰਦਾ ਹੈ, ਅਤੇ ਉਸਨੂੰ ਬੱਚੇ ਤੱਕ ਪਹੁੰਚ ਦਾ ਅਧਿਕਾਰ ਹੁੰਦਾ ਹੈ, ਜਦ ਤੱਕ ਕਿ ਕੋਈ ਇਕਰਾਰਨਾਮਾ ਜਾਂ ਅਦਾਲਤੀ ਆਦੇਸ਼ ਇੰਤਜ਼ਾਮ ਨੂੰ ਬਦਲ ਨਹੀਂ ਦਿੰਦਾ।

## ਹਵਾਲਗੀ ਦੀਆਂ ਕਿਸਮਾਂ

ਹਵਾਲਗੀ ਇੰਤਜ਼ਾਮਾਂ ਦੀਆਂ ਦੋ ਮੁੱਖ ਕਿਸਮਾਂ ਹੁੰਦੀਆਂ ਹਨ:

### 1. ਇਕਲਾਪੀ ਹਵਾਲਗੀ

ਜੇ ਤੁਹਾਡੇ ਕੋਲ **ਇਕਲਾਪੀ ਹਵਾਲਗੀ (sole custody)** ਹੈ, ਤਾਂ ਤੁਸੀਂ ਆਪਣੇ ਬੱਚੇ ਦੀ ਸੇਹਤ, ਸਿੱਖਿਆ ਅਤੇ ਧਾਰਮਿਕ ਪੜ੍ਹਾਈ ਜਿਹੀਆਂ ਚੀਜ਼ਾਂ ਬਾਰੇ ਵੱਡੇ ਫੈਸਲੇ ਖੁਦ ਕਰ ਸਕਦੇ ਹੋ।

ਦੂਜੇ ਮਾਪੇ ਨੂੰ ਆਮ ਤੌਰ 'ਤੇ ਤੁਹਾਡੇ ਵੱਲੋਂ ਕੀਤੇ ਜਾਂਦੇ ਫੈਸਲਿਆਂ ਨੂੰ ਜਾਣਨ ਦਾ ਹੱਕ ਹੁੰਦਾ ਹੈ, ਪਰ ਉਹ ਤੁਹਾਨੂੰ ਇਹ ਨਹੀਂ ਦੱਸ ਸਕਦਾ ਕਿ ਬੱਚੇ ਵਾਸਤੇ ਕੀ ਫੈਸਲੇ ਲੈਣੇ ਹਨ।

### 2. ਸੰਯੁਕਤ ਹਵਾਲਗੀ

ਜੇ ਤੁਹਾਡੇ ਕੋਲ **ਸੰਯੁਕਤ ਹਵਾਲਗੀ (joint custody)** ਹੈ, ਤਾਂ ਤੁਹਾਨੂੰ ਅਤੇ ਬੱਚੇ ਦੇ ਦੂਜੇ ਮਾਪੇ ਦੋਨਾਂ ਨੂੰ ਬੱਚੇ ਦੇ ਜੀਵਨ ਬਾਰੇ ਵੱਡੇ ਫੈਸਲੇ ਲੈਣ ਦਾ ਅਧਿਕਾਰ ਹੈ, ਜਿਸ ਵਾਸਤੇ ਤੁਹਾਨੂੰ ਮਿਲਕੇ ਚੱਲਣ ਦੀ ਲੋੜ ਹੁੰਦੀ ਹੈ। ਜੇ ਅਦਾਲਤ ਜਾਣਦੀ ਹੈ ਕਿ ਮਾਪਿਆਂ ਦੀ ਨਹੀਂ ਨਿਭਦੀ, ਜਾਂ ਜੇਕਰ ਦੁਰਵਿਵਹਾਰ ਹੋ ਰਿਹਾ ਹੈ ਜਾਂ ਹੁੰਦਾ ਸੀ, ਤਾਂ ਅਦਾਲਤ ਵੱਲੋਂ ਸੰਯੁਕਤ ਹਵਾਲਗੀ ਦੇਣ ਦੀ ਘੱਟ ਸੰਭਾਵਨਾ ਹੈ।

ਸੰਯੁਕਤ ਹਵਾਲਗੀ ਦਾ ਮਤਲਬ ਜਰੂਰੀ ਤੌਰ ‘ਤੇ ਇਹ ਨਹੀਂ ਹੈ ਕਿ ਬੱਚਾ ਹਰੇਕ ਮਾਪੇ ਨਾਲ ਰਹਿੰਦੇ ਹੋਏ ਬਰਾਬਰ ਦਾ ਸਮਾਂ ਬਿਤਾਉਂਦਾ ਹੈ।

ਤੁਹਾਨੂੰ ਪਤਾ ਹੋਣਾ ਚਾਹੀਦਾ ਹੈ: ਜਦ ਅਦਾਲਤ ਅੰਤਿਮ ਹਵਾਲਗੀ ਪ੍ਰਬੰਧ ਬਾਰੇ ਫੈਸਲਾ ਕਰ ਰਹੀ ਹੁੰਦੀ ਹੈ, ਤਾਂ ਇਹ ਦੋਨਾਂ ਮਾਪਿਆਂ ਵਿੱਚੋਂ ਕਿਸੇ ਇੱਕ ਨੂੰ ਅੰਤਰਿਮ ਜਾਂ ਅਸਥਾਈ ਹਵਾਲਗੀ ਦੇ ਸਕਦੀ ਹੈ। ਇਹ ਪ੍ਰਬੰਧ ਤਦ ਤੱਕ ਲਾਗੂ ਰਹੇਗਾ ਜਦ ਤੱਕ ਅਦਾਲਤ ਅੰਤਿਮ ਹਵਾਲਗੀ ਆਦੇਸ਼ ਨਹੀਂ ਦੇ ਦਿੰਦੀ। ਅੰਤਰਿਮ ਹਵਾਲਗੀ ਮਹੱਤਵਪੂਰਨ ਹੈ ਕਿਉਂਕਿ ਅਦਾਲਤ ਆਮ ਤੌਰ ‘ਤੇ ਉਸੇ ਪ੍ਰਬੰਧ ਨੂੰ ਜਾਰੀ ਰੱਖਣਾ ਚਾਹੁੰਦੀ ਹੈ ਜੋ ਪਹਿਲਾਂ ਹੀ ਬੱਚੇ ਵਾਸਤੇ ਕੰਮ ਕਰ ਰਿਹਾ ਹੈ।

## ਪਹੁੰਚ ਦੀਆਂ ਕਿਸਮਾਂ

ਅਦਾਲਤ ਬਹੁਤ ਅਲੱਗ ਅਲੱਗ ਕਿਸਮਾਂ ਦੇ ਪਹੁੰਚ ਆਦੇਸ਼ ਦੇ ਸਕਦੀ ਹੈ। ਕੁਝ ਕੁ ਪਹੁੰਚਾਂ ਬਹੁਤ ਖੁੱਲ੍ਹੀਆਂ ਹੁੰਦੀਆਂ ਹਨ ਜਦਕਿ ਕੁਝ ਹੋਰ ਵਧੇਰੇ ਵਿਸ਼ੇਸ਼ ਹੁੰਦੀਆਂ ਹਨ।

### 1. ਵਾਜਬ ਪਹੁੰਚ

ਕੋਈ ਅਦਾਲਤ ਇਹ ਆਦੇਸ਼ ਦੇ ਸਕਦੀ ਹੈ ਕਿ ਇੱਕ ਮਾਪੇ ਨੂੰ ਹਵਾਲਗੀ ਪ੍ਰਾਪਤ ਹੁੰਦੀ ਹੈ ਅਤੇ ਦੂਜੇ ਮਾਪੇ ਨੂੰ **ਵਾਜਬ ਪਹੁੰਚ** ਪ੍ਰਾਪਤ ਹੁੰਦੀ ਹੈ। ਇਹ ਤੁਹਾਨੂੰ ਅਤੇ ਤੁਹਾਡੇ ਬੱਚੇ ਦੇ ਦੂਜੇ ਮਾਪੇ ਨੂੰ ਤੁਹਾਡੇ ਆਪਣੇ ਪਹੁੰਚ ਇੰਤਜ਼ਾਮ ਕਰਨ ਦੇ ਯੋਗ ਬਣਾਉਂਦਾ ਹੈ ਜਿਸ ਨਾਲ ਤੁਸੀਂ ਦੋਨੋਂ ਸਹਿਮਤ ਹੁੰਦੇ ਹੋ।

### 2. ਨਿਯਤ ਜਾਂ ਸੀਮਤ ਪਹੁੰਚ

ਜੇ ਤੁਹਾਡੀ ਆਪਣੇ ਬੱਚੇ ਦੇ ਦੂਜੇ ਮਾਪੇ ਨਾਲ ਨਹੀਂ ਬਣਦੀ, ਤਾਂ ਤੁਸੀਂ ਅਦਾਲਤ ਨੂੰ ਇੱਕ ਆਦੇਸ਼ ਵਾਸਤੇ ਕਹਿ ਸਕਦੇ ਹੋ ਜੋ ਪਹੁੰਚ ਮੁਲਾਕਾਤਾਂ ਦੀਆਂ ਮਦਾਂ ਤੈਅ ਕਰਦਾ ਹੈ, ਜਿਵੇਂ ਕਿ ਪਹੁੰਚ ਮੁਲਾਕਾਤਾਂ ਕਦੋਂ, ਕਿੰਨ੍ਹੀਆਂ ਕੁ ਲੰਬੀਆਂ ਅਤੇ ਕਿੰਨ੍ਹੇ ਕੁ ਚਿਰ ਬਾਅਦ ਹੋਣਗੀਆਂ। ਇਸਨੂੰ **ਨਿਯਤ ਜਾਂ ਸੀਮਤ ਪਹੁੰਚ** ਕਿਹਾ ਜਾਂਦਾ ਹੈ। ਜੇ ਤੁਹਾਡੇ ਰਿਸ਼ਤਾ ਦੁਰਵਿਵਹਾਰ ਵਾਲਾ ਹੈ ਜਾਂ ਸੀ, ਤਾਂ ਤੁਸੀਂ ਅਦਾਲਤ ਨੂੰ ਮੁਲਾਕਾਤਾਂ ਵਾਸਤੇ ਤਾਰੀਖ਼ਾਂ ਅਤੇ ਸਮੇਂ ਤੈਅ ਕਰਨ ਲਈ ਕਹਿ ਸਕਦੇ ਹੋ ਤਾਂ ਜੋ ਤੁਹਾਨੂੰ ਇਹਨਾਂ ਵਿਸਥਾਰਾਂ ਬਾਬਤ ਦੂਜੇ ਮਾਪੇ ਨਾਲ ਗੱਲ ਨਾ ਕਰਨੀ ਪਵੇ।

### 3. ਹੌਲੀ ਹੌਲੀ ਵਧਾਈ ਪਹੁੰਚ

ਕਈ ਵਾਰ ਅਦਾਲਤ ਇੱਕ **ਹੌਲੀ ਹੌਲੀ ਵਧਣ ਵਾਲੀ ਪਹੁੰਚ ਦੀ ਸਮਾਂ-ਸਾਰਣੀ** (graduated access schedule) ਤੈਅ ਕਰ ਸਕਦੀ ਹੈ। ਇਸਦਾ ਮਤਲਬ ਇਹ ਹੈ ਕਿ ਪਹੁੰਚ ਵਾਲੇ ਮਾਪੇ ਨੂੰ ਪਹਿਲਾਂ ਪਹਿਲ ਬੱਚੇ ਨਾਲ ਬਹੁਤ ਸੀਮਤ ਸਮਾਂ ਮਿਲਦਾ ਹੈ, ਪਰ ਹੌਲੀ ਹੌਲੀ ਸਮਾਂ ਪਾਕੇ ਉਸਨੂੰ ਵਧੇਰੇ ਪਹੁੰਚ ਮਿਲਦੀ ਹੈ। ਇੱਕ ਹੌਲੀ ਹੌਲੀ ਪਹੁੰਚ ਦੀ ਸਮਾਂ-ਸਾਰਣੀ ਤੁਹਾਡੇ ਬੱਚੇ ਨੂੰ ਪਹੁੰਚ ਵਾਲੇ ਮਾਪੇ ਨੂੰ ਜਾਣਨ ਅਤੇ ਉਸਤੇ ਵਿਸ਼ਵਾਸ਼ ਕਰਨ ਦਾ ਮੌਕਾ ਦਿੰਦੀ ਹੈ। ਜੇ ਤੁਹਾਡੇ ਬੱਚੇ ਨੇ ਪਹੁੰਚ ਵਾਲੇ ਮਾਪੇ ਦੇ ਨਾਲ ਜ਼ਿਆਦਾ ਸਮਾਂ ਨਹੀਂ ਬਿਤਾਇਆ ਹੈ ਜਾਂ ਜੇ ਤੁਸੀਂ ਉਸ ਸਮੇਂ ਅੱਡੋ ਅੱਡ ਹੋ ਗਏ ਸੀ ਜਦ ਤੁਹਾਡਾ ਬੱਚਾ ਬਹੁਤ ਛੋਟਾ ਸੀ ਤਾਂ ਅਦਾਲਤ ਇੱਕ ਹੌਲੀ ਹੌਲੀ ਪਹੁੰਚ ਦੇਣ ਦੀ ਸਮਾਂ-ਸਾਰਣੀ ਦੀ ਵਰਤੋਂ ਕਰ ਸਕਦੀ ਹੈ।

### 4. ਨਿਗਰਾਨੀ ਹੇਠ ਪਹੁੰਚ

ਜੇ ਅਦਾਲਤ ਪਹੁੰਚ ਵਾਲੇ ਮਾਪੇ ਨਾਲ ਬੱਚੇ ਦੀ ਸੁਰੱਖਿਆ ਬਾਰੇ ਚਿੰਤਤ ਹੈ, ਜਾਂ ਜੇ ਪਹੁੰਚ ਵਾਲੇ ਮਾਪੇ ਅਤੇ ਬੱਚੇ ਨੇ ਜ਼ਿਆਦਾ ਸਮਾਂ ਇਕੱਠਿਆਂ ਨਹੀਂ ਬਿਤਾਇਆ ਤਾਂ ਅਦਾਲਤ **ਨਿਗਰਾਨੀ ਹੇਠ ਪਹੁੰਚ (supervised access)** ਦਾ ਆਦੇਸ਼ ਦੇ ਸਕਦੀ ਹੈ। ਨਿਗਰਾਨੀ ਹੇਠ ਪਹੁੰਚ ਦਾ ਮਤਲਬ ਇਹ ਹੈ ਕਿ ਮਾਪਾ ਬੱਚੇ ਨਾਲ ਇਕੱਲਿਆਂ ਨਹੀ ਠਹਿਰ ਸਕਦਾ। ਜਿਹੜਾ ਵਿਅਕਤੀ ਮੁਲਾਕਾਤਾਂ ਦੀ ਨਿਗਰਾਨੀ ਕਰਦਾ ਹੈ, ਉਹ ਕੋਈ ਪਰਿਵਾਰਕ ਮੈਂਬਰ ਜਾਂ ਕੋਈ ਹੋਰ ਹੋ ਸਕਦਾ ਹੈ। ਨਿਗਰਾਨੀ ਵਾਲੀਆਂ ਮੁਲਾਕਾਤਾਂ ਅਜਿਹੇ ਸਥਾਨਾਂ 'ਤੇ ਵੀ ਵਾਪਰ ਸਕਦੀਆਂ ਹਨ ਜਿੰਨ੍ਹਾਂ ਨੂੰ **ਨਿਗਰਾਨੀ ਵਾਲੇ ਪਹੁੰਚ ਕੇਂਦਰ (supervised access centres)** ਕਿਹਾ ਜਾਂਦਾ ਹੈ, ਜਿੱਥੇ ਮੁਲਾਕਾਤਾਂ ਦੀ ਨਿਗਰਾਨੀ ਕਰਨ ਵਾਲਾ ਅਮਲਾ ਹੁੰਦਾ ਹੈ।

**ਅਦਾਲਤ ਨਿਗਰਾਨੀ ਹੇਠ ਪਹੁੰਚ ਵਟਾਂਦਰਿਆਂ (supervised access exchanges)** ਦਾ ਆਦੇਸ਼ ਵੀ ਦੇ ਸਕਦੀ ਹੈ ਜੇਕਰ ਇਹ ਝਗੜੇ ਜਾਂ ਸੁਰੱਖਿਆ ਬਾਰੇ ਚਿੰਤਤ ਹੈ ਜਦ ਤੁਸੀਂ ਅਤੇ ਦੂਜਾ ਮਾਪਾ ਬੱਚੇ ਦਾ ਵਟਾਂਦਰਾ ਕਰਨ ਲਈ ਮਿਲਦੇ ਹੋ। ਨਿਗਰਾਨੀ ਹੇਠ ਪਹੁੰਚ ਵਟਾਂਦਰੇ ਕਿਸੇ ਨਿਗਰਾਨੀ ਵਾਲੇ ਪਹੁੰਚ ਕੇਂਦਰ ਵਿਖੇ ਵਾਪਰ ਸਕਦੇ ਹਨ, ਜਿੱਥੇ ਅਮਲਾ ਤੁਹਾਡੇ ਅਤੇ ਤੁਹਾਡੇ ਸਾਥੀ ਵਿਚਕਾਰ ਬੱਚੇ ਨੂੰ ਤਬਦੀਲ ਕਰਨ ਲਈ ਮਦਦ ਕਰੇਗਾ ਤਾਂ ਜੋ ਤੁਸੀਂ ਇੱਕ ਦੂਜੇ ਨਾਲ ਸੰਪਰਕ ਤੋਂ ਬਚ ਸਕੋਂ। ਪਹੁੰਚ ਵਟਾਂਦਰਾ ਕਿਸੇ ਸੁਰੱਖਿਅਤ ਜਗਹ 'ਤੇ ਵੀ ਹੋ ਸਕਦਾ ਹੈ ਜਿਵੇਂ ਕਿ ਕੋਈ ਪੁਲਿਸ ਸਟੇਸ਼ਨ।

### 5. ਕੋਈ ਪਹੁੰਚ ਨਹੀਂ

ਬਹੁਤ ਦੁਰਲੱਭ ਮਾਮਲਿਆਂ ਵਿੱਚ, ਕਿਸੇ ਮਾਪੇ ਨੂੰ ਉਸਦੇ ਬੱਚੇ ਤੱਕ **ਪਹੁੰਚ ਤੋਂ ਇਨਕਾਰ** ਕਰ ਦਿੱਤਾ ਜਾਵੇਗਾ। ਇਹ ਕੇਵਲ ਤਾਂ ਹੀ ਵਾਪਰੇਗਾ ਜੇਕਰ ਅਦਾਲਤ ਦਾ ਵਿਸ਼ਵਾਸ਼ ਹੈ ਕਿ ਬੱਚੇ ਨੂੰ ਉਸ ਮਾਪੇ ਦੁਆਰਾ ਸਰੀਰਕ ਜਾਂ ਭਾਵਨਾਤਮਕ ਤੌਰ 'ਤੇ ਨੁਕਸਾਨ ਪਹੁੰਚਾਇਆ ਜਾਵੇਗਾ, ਅਤੇ ਨਿਗਰਾਨੀ ਹੇਠ ਪਹੁੰਚ ਕਾਫੀ ਸੁਰੱਖਿਆ ਪ੍ਰਦਾਨ ਨਹੀਂ ਕਰੇਗੀ।

## ਬੱਚਾ ਕਿੱਥੇ ਰਹਿੰਦਾ ਹੈ

ਜੇ ਤੁਹਾਡੇ ਕੋਲ ਇਕਲਾਪੀ ਹਵਾਲਗੀ ਹੈ, ਤਾਂ ਬੱਚਾ ਜ਼ਿਆਦਾਤਰ ਸਮਾਂ ਜਾਂ ਸਾਰਾ ਸਮਾਂ ਤੁਹਾਡੇ ਕੋਲ ਹੀ ਰਹੇਗਾ।

ਪਰ ਹਵਾਲਗੀ ਹਮੇਸ਼ਾ ਹੀ ਇਸ ਗੱਲ ਦਾ ਨਿਰਣਾ ਨਹੀਂ ਕਰਦੀ ਕਿ ਬੱਚਾ ਕਿੱਥੇ ਰਹਿੰਦਾ ਹੈ। ਜੇ ਤੁਹਾਡੇ ਕੋਲ ਦੂਜੇ ਮਾਪੇ ਦੇ ਨਾਲ ਸੰਯੁਕਤ ਹਵਾਲਗੀ ਹੈ ਜਾਂ ਜੇ ਦੂਜੇ ਮਾਪੇ ਕੋਲ ਪਹੁੰਚ ਹੈ, ਤਾਂ ਬੱਚਾ ਤੁਹਾਡੇ ਦੋਨਾਂ ਦੇ ਨਾਲ ਰਹਿੰਦੇ ਹੋਏ ਆਪਣਾ ਸਮਾਂ ਵੰਡ ਸਕਦਾ ਹੈ। ਇਸ ਗੱਲ 'ਤੇ ਨਿਰਭਰ ਕਰਨ ਅਨੁਸਾਰ ਕਿ ਤੁਸੀਂ ਕਿਸ ਚੀਜ਼ 'ਤੇ ਸਹਿਮਤ ਹੁੰਦੇ ਹੋ ਜਾਂ ਅਦਾਲਤ ਕੀ ਆਦੇਸ਼ ਦਿੰਦੀ ਹੈ, ਬੱਚਾ ਕਈ ਵਾਰੀ ਦੂਜੇ ਮਾਪੇ ਦੇ ਨਾਲ ਰਾਤਾਂ ਵਾਸਤੇ, ਹਫਤੇ ਦੇ ਛੁੱਟੀ ਵਾਲੇ ਦਿਨਾਂ ਵਾਸਤੇ, ਕੁਝ ਹਫਤਿਆਂ ਜਾਂ ਛੁੱਟੀਆਂ ਦੌਰਾਨ ਠਹਿਰ ਸਕਦਾ ਹੈ।

ਆਮ ਤੌਰ 'ਤੇ, ਇੱਕ ਬੱਚਾ ਇੱਕ ਮਾਪੇ ਨਾਲ ਦੂਜੇ ਨਾਲੋਂ ਵਧੇਰੇ ਸਮਾਂ ਬਿਤਾਉਂਦਾ ਹੈ। ਜਦ ਅਜਿਹਾ ਵਾਪਰਦਾ ਹੈ, ਤਾਂ ਉਹ ਘਰ ਜਿੱਥੇ ਬੱਚਾ ਵਧੇਰੇ ਸਮਾਂ ਬਿਤਾਉਂਦਾ ਹੈ, ਉਸਨੂੰ ਬੱਚਾ ਦੀ **ਮੁੱਢਲੀ ਰਿਹਾਇਸ਼** ਕਿਹਾ ਜਾਂਦਾ ਹੈ।

ਉਹ ਮਾਪਾ ਜੋ ਜ਼ਿਆਦਾਤਰ ਸਮਾਂ ਬੱਚੇ ਦਾ ਖਿਆਲ ਰੱਖਦਾ ਹੈ, ਉਸਨੂੰ **ਮੁੱਢਲੀ ਸੰਭਾਲ ਪ੍ਰਦਾਨਕ** ਕਿਹਾ ਜਾਂਦਾ ਹੈ। ਅਦਾਲਤਾਂ ਅਕਸਰ ਇਹ ਫੈਸਲਾ ਕਰਦੀਆਂ ਹਨ ਕਿ ਬੱਚੇ ਨੂੰ ਉਸ ਮਾਪੇ ਦੇ ਨਾਲ ਰਹਿਣਾ ਚਾਹੀਦਾ ਹੈ ਜੋ ਬੱਚੇ ਦੇ ਜੀਵਨ ਦੇ ਜ਼ਿਆਦਾਤਰ ਸਮੇਂ ਵਾਸਤੇ ਮੁੱਢਲੀ ਸੰਭਾਲ ਪ੍ਰਦਾਨਕ ਰਿਹਾ ਹੈ, ਜਾਂ ਉਸ ਸਮੇਂ ਮੁੱਢਲੀ ਸੰਭਾਲ ਪ੍ਰਦਾਨਕ ਹੈ ਜਦ ਅਦਾਲਤ ਹਵਾਲਗੀ ਬਾਰੇ ਫੈਸਲਾ ਕਰ ਰਹੀ ਹੁੰਦੀ ਹੈ।

## ਹਵਾਲਗੀ ਅਤੇ ਪਹੁੰਚ ਆਦੇਸ਼ਾਂ ਦਾ ਪਾਲਣ ਕਰਨਾ

ਜੇ ਹਵਾਲਗੀ ਅਤੇ ਪਹੁੰਚ ਵਾਸਤੇ ਤੁਹਾਡੇ ਕੋਲ ਕੋਈ ਇਕਰਾਰਨਾਮਾ ਜਾਂ ਅਦਾਲਤੀ ਆਦੇਸ਼ ਹੈ, ਤਾਂ ਤੁਹਾਨੂੰ ਲਾਜ਼ਮੀ ਤੌਰ ‘ਤੇ ਇਸਦੀ ਪਾਲਣਾ ਕਰਨੀ ਚਾਹੀਦੀ ਹੈ। ਹਵਾਲਗੀ ਆਦੇਸ਼ ਨੂੰ ਲਾਗੂ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ, ਜਾਂ ਤਾਂ ਤੁਸੀਂ ਜਾਂ ਬੱਚੇ ਦਾ ਦੂਜਾ ਮਾਪਾ ਪੁਲਿਸ ਨੂੰ ਕਹਿ ਸਕਦਾ ਹੈ। ਜੇ ਤੁਸੀਂ ਦੂਜੇ ਮਾਪੇ ਨੂੰ ਉਸਦੇ ਬੱਚੇ ਨੂੰ ਮਿਲਣ ਨਹੀਂ ਦਿੰਦੇ ਜਿਵੇਂ ਕਿ ਆਦੇਸ਼ ਵਿੱਚ ਨਿਰਧਾਰਤ ਕੀਤਾ ਗਿਆ ਹੈ, ਤਾਂ ਅਦਾਲਤ ਬੱਚੇ ਦੀ ਹਵਾਲਗੀ ਦੂਜੇ ਮਾਪੇ ਨੂੰ ਦੇ ਸਕਦੀ ਹੈ ਜੇਕਰ ਉਹ ਇਸ ਵਾਸਤੇ ਅਰਜ਼ੀ ਦਿੰਦਾ ਜਾਂ ਦਿੰਦੀ ਹੈ।

ਪਰ ਕਾਨੂੰਨ ਤੁਹਾਨੂੰ ਪਹੁੰਚ ਤੋਂ ਇਨਕਾਰ ਦੇ ਯੋਗ ਜਰੂਰ ਬਣਾਉਂਦਾ ਹੈ ਜੇ ਤੁਸੀਂ ਆਪਣੇ ਬੱਚੇ ਦੀ ਸੁਰੱਖਿਆ ਨੂੰ ਲੈਕੇ ਡਰੇ ਹੋਏ ਹੋ। ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਬੱਚੇ ਨੂੰ ਖਤਰਾ ਹੈ ਅਤੇ ਤੁਸੀਂ ਪਹੁੰਚ ਤੋਂ ਇਨਕਾਰ ਕਰ ਦਿੰਦੇ ਹੋ, ਤਾਂ ਤੁਰੰਤ ਕਾਨੂੰਨੀ ਮਦਦ ਹਾਸਲ ਕਰੋ। ਕਿਸੇ ਸੰਕਟਕਾਲ ਦੀ ਸਥਿਤੀ ਵਿੱਚ, 911 ‘ਤੇ ਪੁਲਿਸ ਨੂੰ ਕਾਲ ਕਰੋ।

ਕਈ ਵਾਰੀ, ਇੱਕ ਮਾਪਾ ਪਹੁੰਚ ਵਾਸਤੇ ਲੜਾਈ ਕਰੇਗਾ ਅਤੇ ਫੇਰ ਆਦੇਸ਼ ਦਿੱਤੇ ਪਹੁੰਚ ਸਮੇਂ ਦੌਰਾਨ ਬੱਚੇ ਨੂੰ ਮਿਲਣ ਲਈ ਨਹੀਂ ਆਵੇਗਾ। ਬੱਚੇ ਵਾਸਤੇ ਇਹ ਗੱਲ ਪਰੇਸ਼ਾਨ ਕਰਨ ਵਾਲੀ ਹੋ ਸਕਦੀ ਹੈ ਪਰ, ਬਦਕਿਸਮਤੀ ਨਾਲ, ਪਹੁੰਚ ਵਾਲੇ ਮਾਪੇ ਨੂੰ ਮੁਲਾਕਾਤ ਕਰਨ ਲਈ ਮਜ਼ਬੂਰ ਕਰਨ ਵਾਸਤੇ ਕਾਨੂੰਨ ਕੁਝ ਵੀ ਨਹੀਂ ਕਰ ਸਕਦਾ। ਜੇ ਅਜਿਹਾ ਬਕਾਇਦਾ ਆਧਾਰ ‘ਤੇ ਵਾਪਰਦਾ ਹੈ, ਤਾਂ ਸਾਰੀਆਂ ਖੁੰਝ ਗਈਆਂ ਜਾਂ ਛੋਟੀਆਂ ਕਰ ਦਿੱਤੀਆਂ ਗਈਆਂ ਮੁਲਾਕਾਤਾਂ ਦਾ ਹਿਸਾਬ ਰੱਖੋ। ਹੋ ਸਕਦਾ ਹੈ ਤੁਸੀਂ ਅਦਾਲਤ ਕੋਲ ਵਾਪਸ ਜਾਣ ਅਤੇ ਪਹੁੰਚ ਆਦੇਸ਼ ਵਿੱਚ ਤਬਦੀਲੀ ਕਰਨ ਲਈ ਕਹਿਣ ਵਾਸਤੇ ਇਸ ਜਾਣਕਾਰੀ ਦੀ ਵਰਤੋਂ ਕਰਨ ਦੇ ਯੋਗ ਹੋਵੋਂ।

## ਅਦਾਲਤਾਂ ਹਵਾਲਗੀ ਅਤੇ ਪਹੁੰਚ ਬਾਰੇ ਫੈਸਲਾ ਕਿਵੇਂ ਕਰਦੀਆਂ ਹਨ?

ਜਦ ਅਦਾਲਤ ਹਵਾਲਗੀ ਅਤੇ ਪਹੁੰਚ ਬਾਰੇ ਕੋਈ ਫੈਸਲਾ ਕਰਦੀ ਹੈ, ਤਾਂ ਇਸਨੂੰ ਲਾਜ਼ਮੀ ਤੌਰ 'ਤੇ ਕੇਵਲ **ਬੱਚੇ ਦੇ ਸਭ ਤੋਂ ਵਧੀਆ ਹਿੱਤਾਂ** 'ਤੇ ਵਿਚਾਰ ਕਰਨਾ ਚਾਹੀਦਾ ਹੈ। ਇਹ ਇੱਕ ਸਖਤ ਕਾਨੂੰਨੀ ਟੈਸਟ ਹੁੰਦਾ ਹੈ। ਕੁਝ ਕੁ ਚੀਜ਼ਾਂ ਜਿੰਨ੍ਹਾਂ 'ਤੇ ਅਦਾਲਤ ਧਿਆਨ ਦੇਵੇਗੀ, ਉਹ ਇਹ ਹਨ:

- ਕੀ ਪਰਿਵਾਰ ਵਿੱਚ ਕੋਈ ਦੁਰਵਿਵਹਾਰ ਹੁੰਦਾ ਰਿਹਾ ਹੈ?
- ਹਰੇਕ ਮਾਪੇ ਅਤੇ ਬੱਚੇ ਵਿਚਕਾਰ ਰਿਸ਼ਤਾ ਕਿੰਨ੍ਹੇ ਕੁ ਪਿਆਰ ਵਾਲਾ ਹੈ?
- ਬੱਚੇ ਅਤੇ ਹਰੇਕ ਮਾਪੇ ਵਿਚਕਾਰ ਭਾਵਨਾਤਮਕ ਗੰਢਾਂ ਕਿੰਨ੍ਹੀਆਂ ਕੁ ਮਜ਼ਬੂਤ ਹਨ?
- ਬੱਚਾ ਕਿਸੇ ਸਥਿਰ ਵਾਤਾਵਰਣ ਵਿੱਚ ਕਿੰਨ੍ਹਾ ਕੁ ਚਿਰ ਰਿਹਾ ਹੈ?
- ਬੱਚੇ ਦੀ ਸੰਭਾਲ ਅਤੇ ਪਾਲਣ-ਪੋਸ਼ਣ ਬਾਬਤ ਹਰੇਕ ਮਾਪੇ ਦੀਆਂ ਕੀ ਯੋਜਨਾਵਾਂ ਹਨ?
- ਹਰੇਕ ਵਿਅਕਤੀ ਕਿੰਨ੍ਹੀ ਕੁ ਚੰਗੀ ਤਰ੍ਹਾਂ ਮਾਪਾਗਿਰੀ ਕਰ ਸਕਦਾ ਹੈ?
- ਬੱਚੇ ਵਾਸਤੇ ਵਸਤਾਂ ਮੁਹੱਈਆ ਕਰਵਾਉਣ ਲਈ ਹਰੇਕ ਵਿਅਕਤੀ ਕਿੰਨ੍ਹਾ ਕੁ ਯੋਗ ਹੈ?
- ਵੱਡੇ ਬੱਚਿਆਂ ਵਾਸਤੇ, ਬੱਚਾ ਕੀ ਚਾਹੁੰਦਾ ਹੈ?

ਪਰਿਵਾਰਕ ਕਾਨੂੰਨ ਅਦਾਲਤਾਂ ਇਸ ਗੱਲ 'ਤੇ ਵੀ ਧਿਆਨ ਦਿੰਦੀਆਂ ਹਨ ਕਿ ਪਹਿਲਾਂ ਤੋਂ ਹੀ ਕਿਹੜੇ ਇੰਤਜ਼ਾਮ ਮੌਜੂਦ ਹਨ। ਇਸਨੂੰ **ਯਥਾ-ਸਥਿਤੀ (status quo)** ਕਿਹਾ ਜਾਂਦਾ ਹੈ। ਜੇ ਬੱਚੇ ਦੇ ਰਹਿਣ ਦਾ ਪ੍ਰਬੰਧ ਵਧੀਆ ਕੰਮ ਕਰ ਰਿਹਾ ਹੈ, ਤਾਂ ਹੋ ਸਕਦਾ ਹੈ ਅਦਾਲਤ ਵੱਡੀਆਂ ਤਬਦੀਲੀਆਂ ਨਾ ਕਰਨੀਆਂ ਚਾਹਵੇ।

ਮਾਪੇ ਹੀ ਕੇਵਲ ਉਹ ਲੋਕ ਨਹੀਂ ਹੁੰਦੇ ਜੋ ਹਵਾਲਗੀ ਅਤੇ ਪਹੁੰਚ ਵਾਸਤੇ ਅਰਜ਼ੀ ਦੇ ਸਕਦੇ ਹਨ। ਕਾਨੂੰਨ ਕਹਿੰਦਾ ਹੈ ਕਿ ਕੋਈ ਵੀ ਵਿਅਕਤੀ ਅਰਜ਼ੀ ਦੇ ਸਕਦਾ ਹੈ। ਕਈ ਵਾਰ, ਵਿਸਤਰਿਤ ਪਰਿਵਾਰਕ ਮੈਂਬਰ ਜਿਵੇਂ ਕਿ ਦਾਦਾ-ਦਾਦੀ/ਨਾਨਾ-ਨਾਨੀ, ਮਤਰੇਏ-ਮਾਪੇ, ਆਂਟੀਆਂ ਜਾਂ ਅੰਕਲ ਅਦਾਲਤ ਕੋਲ ਅਰਜ਼ੀ ਦਿੰਦੇ ਹਨ। ਅਰਜ਼ੀ ਚਾਹੇ ਕੋਈ ਵੀ ਦੇਵੇ, ਅਦਾਲਤ ਹਵਾਲਗੀ ਜਾਂ ਪਹੁੰਚ ਦੇਣ ਤੋਂ ਪਹਿਲਾਂ ਬੱਚੇ ਦੇ ਸਭ ਤੋਂ ਵਧੀਆ ਹਿੱਤਾਂ 'ਤੇ ਵਿਚਾਰ ਕਰੇਗੀ।

## ਤੁਹਾਡੇ ਬੱਚੇ ਦੇ ਨਾਲ ਤਬਦੀਲ ਹੋਣਾ

ਜਦ ਮਾਪੇ ਇਕੱਠੇ ਨਹੀਂ ਰਹਿੰਦੇ ਤਾਂ ਇੱਕ ਮੁਸ਼ਕਿਲ ਮੁੱਦਾ ਜੋ ਖੜ੍ਹਾ ਹੋ ਸਕਦਾ ਹੈ ਉਹ ਇਹ ਹੈ ਕਿ ਕੀ ਜਿਸ ਮਾਪੇ ਨਾਲ ਬੱਚਾ ਰਹਿੰਦਾ ਹੈ, ਉਹ ਬੱਚੇ ਨੂੰ ਸ਼ਹਿਰ, ਪ੍ਰਾਂਤ ਜਾਂ ਏਥੋਂ ਤੱਕ ਕਿ ਕੁਝ ਮਾਮਲਿਆਂ ਵਿੱਚ ਦੇਸ਼ ਤੋਂ ਬਾਹਰ ਵੀ ਲਿਜਾ ਸਕਦਾ ਹੈ। ਤੁਸੀਂ ਸਹਾਇਤਾ ਵਾਸਤੇ ਹੋਰਨਾਂ ਪਰਿਵਾਰਕ ਮੈਂਬਰਾਂ ਦੇ ਵਧੇਰੇ ਨੇੜੇ ਹੋਣ ਲਈ, ਜਾਂ ਫਿਰ ਨੌਕਰੀ ਦੇ ਮੌਕੇ ਵਾਸਤੇ ਤਬਦੀਲ ਹੋਣਾ ਚਾਹ ਸਕਦੇ ਹੋ। ਅਜਿਹਾ ਕੋਈ ਵੀ ਤਬਾਦਲਾ, ਤੁਹਾਡੇ ਬੱਚੇ ਦੇ ਦੂਜੇ ਮਾਪੇ ਵਾਸਤੇ ਬੱਚੇ ਨੂੰ ਬਕਾਇਦਾ ਆਧਾਰ 'ਤੇ ਮਿਲਣਾ ਮੁਸ਼ਕਿਲ ਬਣਾ ਸਕਦਾ ਹੈ। ਤਬਾਦਲੇ ਦੀ ਦੂਰੀ 'ਤੇ ਨਿਰਭਰ ਕਰਨ ਅਨੁਸਾਰ, ਪਹੁੰਚ ਮੁਲਾਕਾਤਾਂ ਦਾ ਖ਼ਰਚਾ ਵੀ ਇੱਕ ਮੁੱਦਾ ਹੋ ਸਕਦਾ ਹੈ।

ਕਿਸੇ ਬੱਚੇ ਦੇ ਨਾਲ ਵਿਹਾਰ ਕਰਦੇ ਸਾਰੇ ਫੈਸਲਿਆਂ ਵਾਂਗੂੰ, ਅਦਾਲਤ ਇਹ ਫੈਸਲਾ ਕਰੇਗੀ ਕਿ ਕੀ **ਬੱਚੇ ਦੇ ਸਭ ਤੋਂ ਵਧੀਆ ਹਿੱਤਾਂ** ਦੇ ਆਧਾਰ 'ਤੇ ਤਬਾਦਲੇ ਨੂੰ ਆਗਿਆ ਦਿੱਤੀ ਜਾਵੇ। ਜੇ ਤੁਹਾਨੂੰ ਆਪਣੇ ਬੱਚੇ ਦੇ ਨਾਲ ਤਬਦੀਲ ਹੋਣ ਦੀ ਆਗਿਆ ਦਿੱਤੀ ਜਾਂਦੀ ਹੈ, ਤਾਂ ਹੋ ਸਕਦਾ ਹੈ ਅਦਾਲਤ ਪਹੁੰਚ ਆਦੇਸ਼ ਵਿੱਚ ਤਬਦੀਲੀ ਕਰ ਦੇਵੇ ਤਾਂ ਜੋ ਪਹੁੰਚ ਵਾਲੇ ਮਾਪੇ ਦੇ ਨਾਲ ਮੁਕਾਬਲਤਨ ਵਧੇਰੇ ਲੰਬੀਆਂ ਮੁਲਾਕਾਤਾਂ ਨੂੰ ਆਗਿਆ ਦਿੱਤੀ ਜਾ ਸਕੇ, ਜਾਂ ਇਹ ਬਾਲ ਸਹਾਇਤਾ ਵਿੱਚ ਤੁਹਾਨੂੰ ਪ੍ਰਾਪਤ ਹੋਣ ਵਾਲੀ ਰਕਮ ਨੂੰ ਘੱਟ ਕਰ ਸਕਦੀ ਹੈ ਕਿਉਂਕਿ ਬੱਚੇ ਨੂੰ ਮਿਲਣ ਵਾਸਤੇ ਦੂਜੇ ਮਾਪੇ ਦੇ ਮਹਿੰਗੇ ਯਾਤਰਾ ਖ਼ਰਚੇ ਹੋਣਗੇ।

ਕੁਝ ਮਾਮਲਿਆਂ ਵਿੱਚ, ਅਦਾਲਤ ਇਹ ਕਹਿ ਸਕਦੀ ਹੈ ਕਿ ਤੁਹਾਨੂੰ ਆਪਣੇ ਬੱਚੇ ਦੇ ਨਾਲ ਤਬਦੀਲ ਹੋਣ ਦੀ ਆਗਿਆ ਨਹੀਂ ਹੈ, ਜੇ ਦੂਜਾ ਮਾਪਾ ਸਹਿਮਤ ਨਹੀਂ ਹੁੰਦਾ।

## ਤੁਹਾਡੇ ਬੱਚੇ ਦੇ ਨਾਲ ਯਾਤਰਾ ਕਰਨਾ

ਜ਼ਿਆਦਾਤਰ ਮਾਮਲਿਆਂ ਵਿੱਚ, ਜੇ ਦੂਜੇ ਮਾਪੇ ਕੋਲ ਹਵਾਲਗੀ ਜਾਂ ਪਹੁੰਚ ਹੈ, ਤਾਂ ਤੁਸੀਂ ਬੱਚੇ ਨੂੰ ਦੂਜੇ ਮਾਪੇ ਦੀ ਆਗਿਆ ਦੇ ਬਗੈਰ ਕੈਨੇਡਾ ਤੋਂ ਬਾਹਰ ਨਹੀਂ ਲਿਜਾ ਸਕਦੇ। ਇਸਦਾ ਮਤਲਬ ਇਹ ਹੈ ਕਿ ਜੇ ਤੁਸੀਂ ਆਪਣੇ ਬੱਚੇ ਦੇ ਨਾਲ ਯਾਤਰਾ ਕਰਨੀ ਚਾਹੁੰਦੇ ਹੋ, ਤਾਂ ਤੁਹਾਨੂੰ ਹਵਾਲਗੀ ਆਦੇਸ਼ ਅਤੇ ਦੂਜੇ ਮਾਪੇ ਕੋਲੋਂ ਇੱਕ ਪੱਤਰ ਲੈਣ ਦੀ ਲੋੜ ਹੋਵੇਗੀ ਜੋ ਬੱਚੇ ਨੂੰ ਕੈਨੇਡਾ ਤੋਂ ਬਾਹਰ ਜਾਣ ਦੀ ਆਗਿਆ ਦਿੰਦਾ ਹੈ। ਇਸ ਪੱਤਰ ਨੂੰ ਕਿਸੇ ਵਕੀਲ ਦੁਆਰਾ ਪ੍ਰਮਾਣਿਤ ਕੀਤਾ ਜਾਣਾ ਚਾਹੀਦਾ ਹੈ।

ਜਦ ਤੁਸੀਂ ਕੈਨੇਡਾ ਤੋਂ ਬਾਹਰ ਜਾਂਦੇ ਹੋ ਅਤੇ/ਜਾਂ ਕਿਸੇ ਹੋਰ ਦੇਸ਼ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋ, ਤਾਂ ਤੁਹਾਨੂੰ ਸਰਹੱਦੀ ਅਧਿਕਾਰੀਆਂ ਦੁਆਰਾ ਤੁਹਾਨੂੰ ਇਹ ਸਾਬਤ ਕਰਨ ਲਈ ਪੁੱਛੇ ਜਾਣ ਦੀ ਉਮੀਦ ਕਰਨੀ ਚਾਹੀਦੀ ਹੈ ਕਿ ਕੀ ਬੱਚੇ ਦਾ ਦੂਜਾ ਮਾਪਾ ਬੱਚੇ ਦੀ ਯਾਤਰਾ ਵਾਸਤੇ ਸਹਿਮਤ ਹੋਇਆ ਹੈ।

## ਬੱਚੇ ਦਾ ਅਪਹਰਨ

ਕਈ ਵਾਰੀ, ਇੱਕ ਮਾਪਾ ਬੱਚੇ ਨੂੰ ਦੂਜੇ ਮਾਪੇ ਦੀ ਆਗਿਆ ਦੇ ਬਗੈਰ ਕੈਨੇਡਾ ਤੋਂ ਬਾਹਰ ਲੈ ਜਾਂਦਾ ਹੈ। ਇਹ ਬਹੁਤ ਗੰਭੀਰ ਮਾਮਲਾ ਹੈ। ਇਸਨੂੰ **ਬੱਚੇ ਦਾ ਅਪਹਰਨ** ਕਿਹਾ ਜਾਂਦਾ ਹੈ। ਬੱਚੇ ਦਾ ਅਪਹਰਨ ਕੈਨੇਡਾ ਵਿੱਚ ਇੱਕ ਗੰਭੀਰ ਅਪਰਾਧ ਹੈ।

ਇਸ ਗੱਲ ਨੂੰ ਪੂਰੀ ਤਰ੍ਹਾਂ ਯਕੀਨੀ ਬਣਾਉਣ ਦਾ ਕੋਈ ਤਰੀਕਾ ਨਹੀਂ ਹੈ ਕਿ ਤੁਹਾਡੇ ਬੱਚੇ ਨੂੰ ਕਦੇ ਵੀ ਤੁਹਾਡੀ ਆਗਿਆ ਬਗੈਰ ਕੈਨੇਡਾ ਤੋਂ ਬਾਹਰ ਨਹੀਂ ਲਿਜਾਇਆ ਜਾਂਦਾ, ਪਰ ਕੁਝ ਕੁ ਚੀਜ਼ਾਂ ਹਨ ਜੋ ਤੁਸੀਂ ਆਪਣੇ ਬੱਚੇ ਦੀ ਰੱਖਿਆ ਕਰਨ ਵਿੱਚ ਮਦਦ ਕਰਨ ਲਈ ਕਰ ਸਕਦੇ ਹੋ। ਇਹ ਯਕੀਨੀ ਬਣਾਓ ਕਿ ਹਵਾਲਗੀ ਆਦੇਸ਼ ਜਾਂ ਇਕਰਾਰਨਾਮਾ:

- ਵੱਧ ਤੋਂ ਵੱਧ ਸੰਭਵ ਹੱਦ ਤੱਕ ਸਪੱਸ਼ਟ ਅਤੇ ਵਿਸਤਾਰਿਤ ਹੈ;
- ਵਿਸ਼ੇਸ਼ ਤੌਰ 'ਤੇ ਇਹ ਕਹਿੰਦਾ ਹੈ ਕਿ ਬੱਚਾ ਤੁਹਾਡੀ ਆਗਿਆ ਦੇ ਬਿਨਾਂ ਕੈਨੇਡਾ ਦੇ ਬਾਹਰ ਯਾਤਰਾ ਨਹੀਂ ਕਰ ਸਕਦਾ।

ਆਦੇਸ਼ ਇਹ ਵੀ ਕਹਿ ਸਕਦਾ ਹੈ ਕਿ ਤੁਹਾਨੂੰ ਜਾਂ ਅਦਾਲਤ ਨੂੰ ਲਾਜ਼ਮੀ ਤੌਰ 'ਤੇ ਬੱਚੇ ਦਾ ਜਾਂ ਦੂਜੇ ਮਾਪੇ ਦਾ ਪਾਸਪੋਰਟ ਰੱਖਣਾ ਚਾਹੀਦਾ ਹੈ।

## ਜੇ ਤੁਹਾਡੇ ਬੱਚੇ ਨੂੰ ਬਿਨਾਂ ਆਗਿਆ ਦੇ ਕੈਨੇਡਾ ਤੋਂ ਬਾਹਰ ਲਿਜਾਇਆ ਜਾਂਦਾ ਹੈ ਤਾਂ ਕੀ ਕੀਤਾ ਜਾਵੇ

ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਬੱਚੇ ਨੂੰ ਤੁਹਾਡੀ ਆਗਿਆ ਦੇ ਬਿਨਾਂ ਦੇਸ਼ ਤੋਂ ਬਾਹਰ ਲਿਜਾਇਆ ਗਿਆ ਹੈ, ਤਾਂ ਤੁਹਾਨੂੰ:

- ਤੁਰੰਤ **ਪੁਲਿਸ ਨੂੰ ਕਾਲ ਕਰਨਾ** ਚਾਹੀਦਾ ਹੈ। ਪੁਲਿਸ ਕੈਨੇਡਾ ਵਿਚਲੇ ਅਤੇ ਉਸ ਦੇਸ਼ ਵਿਚਲੇ ਸਰਹੱਦੀ ਅਧਿਕਾਰੀਆਂ ਨੂੰ ਇੱਕ ਸੁਚੇਤਨਾ ਭੇਜੇਗੀ ਜਿੱਥੇ ਦੂਜਾ ਮਾਪਾ ਤੁਹਾਡੇ ਬੱਚੇ ਨੂੰ ਲੈ ਗਿਆ ਹੋ ਸਕਦਾ ਹੈ।
- **ਕੰਸੂਲਰ ਅਫੇਅਰਜ਼ ਬਿਊਰੋ (Consular Affairs Bureau)** ਨੂੰ ਤੁਰੰਤ, 1-800-387-3124 ਜਾਂ 1-800-267-6788 'ਤੇ ਟੌਲ-ਫ੍ਰੀ ਕਾਲ ਕਰੋ। ਉਹਨਾਂ ਦਾ ਦਫਤਰ ਦਿਨ ਵਿੱਚ 24 ਘੰਟੇ, ਹਫਤੇ ਦੇ 7 ਦਿਨ ਖੁੱਲ੍ਹਾ ਰਹਿੰਦਾ ਹੈ।

ਜੇ ਤੁਹਾਡੇ ਬੱਚੇ ਨੂੰ ਤੁਹਾਡੀ ਆਗਿਆ ਤੋਂ ਬਿਨਾਂ ਕੈਨੇਡਾ ਤੋਂ ਬਾਹਰ ਲਿਜਾਇਆ ਜਾਂਦਾ ਹੈ, ਤਾਂ ਤੁਹਾਨੂੰ ਤੁਰੰਤ ਕਿਸੇ ਪ੍ਰਵਾਸ ਵਕੀਲ ਅਤੇ ਇੱਕ ਪਰਿਵਾਰਕ ਕਾਨੂੰਨ ਵਕੀਲ ਦੋਨਾਂ ਨਾਲ ਵੀ ਤੁਰੰਤ ਗੱਲ ਕਰਨੀ ਚਾਹੀਦੀ ਹੈ।

ਮੁੱਖ ਕਾਨੂੰਨ ਜੋ ਤੁਹਾਨੂੰ ਤੁਹਾਡੇ ਬੱਚੇ ਨੂੰ ਵਾਪਸ ਲੈਣ ਵਿੱਚ ਮਦਦ ਕਰਨ ਦੇ ਯੋਗ ਹੋ ਸਕਦਾ ਹੈ ਉਹ ਹੈ *ਅੰਤਰਰਾਸ਼ਟਰੀ ਬਾਲ ਅਪਹਰਣ ਦੇ ਸਿਵਲ ਪੱਖਾਂ ਬਾਬਤ ਹੇਗ ਸਮਝੌਤਾ (Hague Convention on the Civil Aspects of International Child Abduction)*। ਇਹ ਇੱਕ ਅੰਤਰਰਾਸ਼ਟਰੀ ਸੰਧੀ ਹੈ ਜਿਸ ਉੱਤੇ ਬਹੁਤ ਸਾਰੇ ਦੇਸ਼ਾਂ ਨੇ ਦਸਤਖਤ ਕੀਤੇ ਹਨ। ਉਹ ਦੇਸ਼ ਜਿੰਨ੍ਹਾਂ ਨੇ ਸੰਧੀ 'ਤੇ ਦਸਤਖਤ ਕੀਤੇ ਹਨ, ਸਹਿਮਤ ਹੁੰਦੇ ਹਨ ਕਿ ਉਹ ਉਹਨਾਂ ਬੱਚਿਆਂ ਨੂੰ ਲੱਭਣ ਅਤੇ ਵਾਪਸ ਮੋੜਨ ਲਈ ਇੱਕ ਦੂਜੇ ਨਾਲ ਮਿਲਕੇ ਕੰਮ ਕਰਨਗੇ ਜਿੰਨ੍ਹਾਂ ਨੂੰ ਇੱਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਤਬਦੀਲ ਕੀਤਾ ਗਿਆ ਹੋ ਸਕਦਾ ਹੈ।

ਜੇ ਤੁਹਾਡੇ ਬੱਚੇ ਨੂੰ ਕਿਸੇ ਅਜਿਹੇ ਦੇਸ਼ ਵਿੱਚ ਲਿਜਾਇਆ ਗਿਆ ਹੈ ਜਿਸਨੇ ਇਸ ਸਮਝੌਤੇ 'ਤੇ ਦਸਤਖਤ ਨਹੀਂ ਕੀਤੇ, ਤਾਂ ਤੁਹਾਡੇ ਬੱਚੇ ਨੂੰ ਕੈਨੇਡਾ ਵਿੱਚ ਵਾਪਸ ਲਿਆਉਣਾ ਬਹੁਤ ਜ਼ਿਆਦਾ ਮੁਸ਼ਕਿਲ ਹੋਵੇਗਾ। ਜੇ ਅਜਿਹਾ ਵਾਪਰਦਾ ਹੈ, ਤਾਂ ਤੁਸੀਂ ਹਵਾਲਗੀ ਵਾਸਤੇ ਉਸ ਦੇਸ਼ ਦੇ ਕਾਨੂੰਨਾਂ ਦੀ ਵਰਤੋਂ ਕਰਕੇ ਲੜਾਈ ਕਰ ਸਕਦੇ ਹੋ ਜਿੱਥੇ ਤੁਹਾਡੇ ਬੱਚੇ ਨੂੰ ਲਿਜਾਇਆ ਗਿਆ ਸੀ। ਤੁਸੀਂ ਅਪਹਰਨ ਕਰਤਾ ਅਤੇ ਉਸਦੇ ਪਰਿਵਾਰ ਦੇ ਨਾਲ ਵੀ ਗੱਲਬਾਤ ਨਜਿੱਠਣ ਦੀ ਕੋਸ਼ਿਸ਼ ਕਰ ਸਕਦੇ ਹੋ।

ਕਿਸੇ ਅੰਤਰਰਾਸ਼ਟਰੀ ਅਪਹਰਨ ਨੂੰ ਕਿਵੇਂ ਰੋਕਣਾ ਹੈ, ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ, ਪੜ੍ਹੋ *ਅੰਤਰਰਾਸ਼ਟਰੀ ਬਾਲ ਅਪਹਰਣ: ਮਾਪਿਆਂ ਵਾਸਤੇ ਇੱਕ ਨੇਮਾਵਲੀ।* ਇਸ ਪੁਸਤਿਕਾ ਨੂੰ ਫੌਰਨ ਅਫੇਅਰਜ਼ ਕੈਨੇਡਾ (Foreign Affairs Canada) ਦੁਆਰਾ ਪ੍ਰਕਾਸ਼ਤ ਕੀਤਾ ਗਿਆ ਸੀ। ਇਹ ਪੁਸਤਿਕਾ ਇਹ ਵੀ ਦੱਸਦੀ ਹੈ ਕਿ ਜੇ ਤੁਹਾਡੇ ਬੱਚੇ ਨੂੰ ਤੁਹਾਡੀ ਆਗਿਆ ਦੇ ਬਿਨਾਂ ਕੈਨੇਡਾ ਤੋਂ ਬਾਹਰ ਲਿਜਾਇਆ ਜਾਂਦਾ ਹੈ ਤਾਂ ਕੀ ਕਰਨਾ ਹੈ। ਤੁਸੀਂ ਫੌਰਨ ਅਫੇਅਰਜ਼ ਕੈਨੇਡਾ ਤੋਂ ਇੱਕ ਕਾਪੀ ਦਾ ਆਰਡਰ ਦੇ ਸਕਦੇ ਹੋ ਜਾਂ ਫਿਰ ਨੇਮਾਵਲੀ ਨੂੰ http://www.voyage.gc.ca/ 'ਤੇ ਆਨਲਾਈਨ ਪੜ੍ਹੋ। "ਵਿਦੇਸ਼ ਯਾਤਰਾ ਕਰਨਾ" ਤਹਿਤ ਮਦਦਗਾਰੀ ਜਾਣਕਾਰੀ ਦਿੱਤੀ ਗਈ ਹੈ।

Ontario

The Law Foundation of Ontario
Building a better foundation for justice in Ontario

• *ਇਹਨਾਂ ਸਮੱਗਰੀਆਂ ਵਿੱਚ ਪ੍ਰਗਟਾਏ ਵਿਚਾਰ FLEW ਦੇ ਵਿਚਾਰ ਹਨ ਅਤੇ ਇਹ ਜ਼ਰੂਰੀ ਨਹੀਂ ਹੈ ਕਿ ਇਹ ਪ੍ਰਾਂਤ ਦੇ ਵਿਚਾਰਾਂ ਦੀ ਤਰਜਮਾਨੀ ਕਰਦੇ ਹੋਣ।*

• *ਹਾਲਾਂਕਿ ਵਿੱਤੀ ਤੌਰ 'ਤੇ ਇਸ ਪ੍ਰਕਾਸ਼ਨਾ ਵਿੱਚ ਲਾਅ ਫਾਊਂਡੇਸ਼ਨ ਆਫ ਓਨਟਾਰੀਓ ਨੇ ਸਹਾਇਤਾ ਦਿੱਤੀ ਹੈ, ਪਰ ਇਹ ਜ਼ਰੂਰੀ ਨਹੀਂ ਹੈ ਕਿ ਇਸ ਪ੍ਰਕਾਸ਼ਨਾ ਦੇ ਅੰਸ਼ ਫਾਊਂਡੇਸ਼ਨ ਦੇ ਵਿਚਾਰਾਂ ਦੀ ਤਰਜਮਾਨੀ ਕਰਦੇ ਹੋਣ।*

*ਜਦ ਕੋਈ ਨਜ਼ਦੀਕੀ ਰਿਸ਼ਤਾ ਖਤਮ ਹੋ ਰਿਹਾ ਹੋਵੇ ਤਾਂ ਹਿੰਸਾ ਦਾ ਖਤਰਾ ਵਧ ਜਾਂਦਾ ਹੈ। ਜੇ ਤੁਹਾਨੂੰ ਤੁਰੰਤ ਕੋਈ ਖਤਰਾ ਹੈ ਤਾਂ 911 'ਤੇ ਕਾਲ ਕਰੋ। ਜੇ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਖਤਰੇ ਵਿੱਚ ਹੈ ਤਾਂ ਸਹਾਇਤਾ ਹਾਸਲ ਕਰਨ ਬਾਰੇ ਜਾਣਕਾਰੀ ਵਾਸਤੇ FLEW website ਦੇਖੋ।*

*ਜੇ ਤੁਸੀਂ ਓਨਟਾਰੀਓ ਵਿੱਚ ਰਹਿਣ ਵਾਲੀ, ਕੋਈ ਫਰੈਂਚ ਭਾਸ਼ਾ ਬੋਲਦੀ ਔਰਤ ਹੋ, ਤਾਂ ਪਰਿਵਾਰਕ ਕਾਨੂੰਨ ਦੀਆਂ ਅਦਾਲਤੀ ਕਾਰਵਾਈਆਂ ਵਿੱਚ ਤੁਹਾਨੂੰ ਫਰੈਂਚ ਭਾਸ਼ਾ ਦੀਆਂ ਸੇਵਾਵਾਂ ਤੱਕ ਪਹੁੰਚ ਕਰਨ ਦਾ ਅਧਿਕਾਰ ਹੈ। ਤੁਹਾਡੇ ਅਧਿਕਾਰਾਂ ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਸੇ ਵਕੀਲ, ਕਿਸੇ ਭਾਈਚਾਰਕ ਕਾਨੂੰਨੀ ਕਲੀਨਿਕ, ਜਾਂ ਫਿਰ ਸਹਾਇਤਾ ਲਾਈਨ ਫੀਮੇਡ (Femaide) ਨਾਲ 1-877-336-2433, TTY 1-866-860-7082 'ਤੇ ਸੰਪਰਕ ਕਰੋ।*

*ਫਰੈਂਚ ਭਾਸ਼ਾ ਵਿੱਚ ਸੇਵਾਵਾਂ ਤੱਕ ਪਹੁੰਚ ਕਿਵੇਂ ਕਰਨੀ ਹੈ, ਇਸ ਬਾਰੇ ਵਧੇਰੇ ਜਾਣਕਾਰੀ ਤੁਸੀਂ ਸਾਡੀ ਵੈੱਬਸਾਈਟ www.onefamilylaw.ca ਜਾਂ www.undroitdefamille.ca 'ਤੇ ਲੱਭ ਸਕਦੇ ਹੋ।*

## ਪਰਿਵਾਰਕ ਕਾਨੂੰਨ ਦੇ ਉਪਲਬਧ ਵਿਸ਼ੇ:*

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. ਬਾਲ ਸਹਾਇਤਾ (PJB 003)
4. ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)
5. **ਹਵਾਲਗੀ ਅਤੇ ਮੁਲਾਕਾਤ ਦਾ ਹੱਕ (PJB 005)**
6. ਘਰੇਲੂ ਇਕਰਾਰਨਾਮੇ (PJB 006)
7. ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ (PJB 007)
8. ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)
9. ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ (PJB 009)
10. ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ (PJB 010)
11. ਵਿਆਹ ਅਤੇ ਤਲਾਕ (PJB 011)
12. ਪਤੀ/ਪਤਨੀ ਲਈ ਸਹਾਇਤਾ (PJB 012)

** ਇਹ ਪਰਚਾ ਅਨੇਕਾਂ ਅਲੱਗ-ਅਲੱਗ ਫਰਮਿਆਂ ਅਤੇ ਬੋਲੀਆਂ ਵਿੱਚ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰਕੇ www.onefamilylaw.ca ਵੇਖੋ ਜੀ। ਪਰਿਵਾਰਕ ਕਾਨੂੰਨ ਦੇ ਆਪਣੇ ਹੱਕਾਂ ਨੂੰ ਸਮਝਣ ਵਿੱਚ ਮਦਦ ਲਈ ਤੁਹਾਨੂੰ ਵਧੀਕ ਜਾਣਕਾਰੀ ਸਾਡੀ ਵੈੱਬਸਾਈਟ ਤੋਂ ਵੀ ਮਿਲ ਸਕਦੀ ਹੈ।*

flew Family Law Education for Women
Women's Right to Know

fodf Femmes ontariennes et droit de la famille
Le droit de savoir